# ਨਗਰ ਨਿਗਮ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)

(ਮਿਉਂਸਪਲ ਭਵਨ, ਸੈਕਟਰ-68, ਐਸ.ਏ.ਐਸ ਨਗਰ)

ਫੋਨ : 0172-5044911, ਈਮੇਲ : mcsasnagar@gmail.com Website : mcmohali.punjab.gov.in


ਨੰਬਰ 2579 ਮਿਤੀ 28/11/2025

## ਪਬਲਿਕ ਨੋਟਿਸ

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ CWP No. 15892 of 2020 ਅਤੇ COCP No. 4984 of 2025 ਰਾਹੀਂ ਕੀਤੇ ਗਏ ਹੁਕਮਾਂ ਦੀ ਪਾਲਣਾ ਵਿੱਚ ਨਗਰ ਨਿਗਮ, ਐਸ.ਏ.ਐਸ ਨਗਰ ਦੀ ਹਦੂਦ ਵਿੱਚ ਰਹਿੰਦੇ ਹਰ ਆਮ ਅਤੇ ਖਾਸ ਵਿਅਕਤੀਆਂ/ਸੰਸਥਾਵਾਂ/ਅਦਾਰਿਆਂ/ਮਾਰਕੀਟਾਂ ਆਦਿ ਨੂੰ ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਵੀ ਲੋਕਾਂ ਵੱਲੋਂ ਆਪਣੇ ਘਰਾਂ ਅੱਗੇ ਗਰੀਨ ਬੇਲਟਾਂ ਵਿੱਚ, ਮਾਰਕੀਟਾਂ ਵਿੱਚ, ਫੁੱਟਪਾਥਾਂ ਤੇ ਜਾਂ ਹੋਰ ਸਰਕਾਰੀ ਜਗ੍ਹਾਂ ਤੇ ਇੰਨਕਰੋਚਮੈਂਟ ਕੀਤੀ ਗਈ ਹੈ, ਨੂੰ ਇਸ ਪਬਲਿਕ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 03 ਦਿਨਾਂ ਦੇ ਅੰਦਰ-ਅੰਦਰ ਆਪਣੇ ਪੱਧਰ ਤੇ ਹਟਾਇਆ ਜਾਵੇ। ਜੇਕਰ ਮਿੱਥੇ ਸਮੇਂ (03 ਦਿਨਾਂ) ਤੋਂ ਬਾਅਦ ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਇੰਨਕਰੋਚਮੈਂਟ ਪਾਈ ਜਾਂਦੀ ਹੈ ਤਾਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੇ ਗਏ ਹੁਕਮਾਂ ਦੀ ਪਾਲਣਾ ਵਿੱਚ ਸਾਂਝੀ ਬਣਾਈ ਗਈ ਟੀਮ (ਗਮਾਡਾ, ਨਗਰ ਨਿਗਮ, ਪੁਲਿਸ ਵਿਭਾਗ ਅਤੇ ਨਿਸ਼ਚਿਤ ਕੀਤੇ ਗਏ ਹੋਰ ਅਦਾਰਿਆਂ) ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਉਂਦੀ ਜਾਵੇਗੀ ਅਤੇ ਇਨ੍ਹਾਂ ਇੰਨਕਰੋਚਮੈਂਟਾਂ ਨੂੰ ਹਟਾਉਂਦੇ ਹੋਏ ਜੇਕਰ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਪੂਰਨ ਜਿੰਮੇਵਾਰੀ ਆਪ ਦੀ ਹੋਵੇਗੀ ਅਤੇ ਇਸ ਤੇ ਹੋਣ ਵਾਲਾ ਖਰਚਾ ਵੀ ਆਪ ਤੋਂ ਹੀ ਵਸੂਲ ਕੀਤਾ ਜਾਵੇਗਾ।

ਇਸ ਨੂੰ ਅੰਤਿਮ ਨੋਟਿਸ ਸੱਮਝਿਆ ਜਾਵੇ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਨੋਟਿਸ ਵਖਰੇ ਤੌਰ ਤੇ ਸਬੰਧਤ ਕਿਸੇ ਨੂੰ ਵੀ ਜਾਰੀ ਨਹੀਂ ਕੀਤਾ ਜਾਵੇਗਾ।

ਕਮਿਸ਼ਨਰ,
ਨਗਰ ਨਿਗਮ,
ਐਸ.ਏ.ਐਸ ਨਗਰ ।